# GURBHAJAN GILL DE GAZAL SANGRHI 'SURTAAL' DA KAAVI AVCHETAN

# ਗੁਰਭਜਨ ਗਿੱਲ ਦੇ ਗ਼ਜ਼ਲ ਸੰਗ੍ਰਹਿ 'ਸੁਰਤਾਲ' ਦਾ ਕਾਵਿ-ਅਵਚੇਤਨ

ਡਾ. ਲਖਵੀਰ ਸਿੰਘ (Dr. Lakhveer Singh)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ (ਪੰਜਾਬ)

Email ID: academiclakhveer@gmail.com ਮੋਬਾਈਲ: +91-99110-03559

**ਸਾਰ (Abstract)**

*ਭਾਰਤੀ ਕਾਵਿ-ਸ਼ਾਸਤਰ ਕਾਵਿ ਦੀ ਆਤਮਾ ਦੇ ਪ੍ਰਸ਼ਨ ਦਾ ਉੱਤਰ ਲੱਭਣ ਉੱਪਰ ਆਪਣਾ ਸਾਰਾ ਚਿੰਤਨ ਕੇਂਦਰਿਤ ਕਰਦਾ ਹੈ। ਆਤਮਾ ਅਤੇ ਅਵਚੇਤਨ ਦਾ ਡੂੰਘਾ ਸੰਬੰਧ ਹੈ। ਭਾਸ਼ਾ ਰਾਹੀਂ ਭਾਵ-ਵਿਭਾਵ ਦੀ ਅਚੇਤ-ਸੁਚੇਤ ਅਭਿਵਿਅਕਤੀ ਵੇਲੇ ਰਚੀ ਜਾ ਰਹੀ ਸਾਹਿਤਕ ਕਿਰਤ ਦਾ ਆਪਣਾ ਅਵਚੇਤਨ ਵੀ ਉਸਰਦਾ ਜਾਂਦਾ ਹੈ। ਉਸਰ ਰਹੇ ਇਸ ਅਵਚੇਤਨ ਨੂੰ ਸਾਹਿਤ ਆਲੋਚਨਾ ਦੀ ਭਾਸ਼ਾ ਵਿਚ ਕਾਵਿ-ਅਵਚੇਤਨ ਆਖਿਆ ਜਾਂਦਾ ਹੈ। ਮਨੋ-ਵਗਿਆਨੀ ਸਿਗਮੰਡ ਫ਼ਰਾਇਡ ਅਨੁਸਾਰ ਮਨੁੱਖੀ-ਮਨ ਵਿਚ ਅਨੇਕਾਂ ਅਜਿਹੇ ਵਿਚਾਰ ਦਮਿਤ ਹੋਏ ਪਏ ਹੁੰਦੇ ਹਨ ਜੋ ਭਾਵੇਂ ਸਾਡੇ ਸੁਚੇਤ ਮਨ ਦਾ ਭਾਗ ਨਹੀਂ ਬਣਦੇ, ਪਰ ਉਹ ਵਿਅਕਤਿਤਵ ਦੇ ਸੰਗਠਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਫ਼ਰਾਇਡ ਦੇ ਮੁਕਾਬਲੇ ਯੁੰਗ ਨੇ 'ਸਮੂਹਕ ਅਵਚੇਤਨ' ਦਾ ਸੰਕਲਪ ਦਿੱਤਾ। ਯੱਕ ਲਾਕਾਂ ਨੇ ਫ਼ਰਾਇਡ ਦੇ ਅਵਚੇਤਨ ਸੰਬੰਧੀ ਸਿਧਾਂਤ ਦੀ ਵਿਆਖਿਆ ਭਾਸ਼ਾਗਤ ਅਧਿਐਨ ਹੇਠ ਕੀਤੀ ਹੈ। ਜੂਲੀਆ ਕ੍ਰਿਸਤੀਵਾ ਨੇ ਕਾਵਿ-ਅਵਚੇਤਨ ਨੂੰ ਭਾਸ਼ਾ ਦਾ ਸੈਮਿਓਟਿਕਸ ਪਹਿਲੂ ਕਿਹਾ ਹੈ। ਉਸ ਅਨੁਸਾਰ ਕਿਸੇ ਸਾਹਿਤਕ ਕਿਰਤ ਦੀ ਭਾਸ਼ਾ ਦੇ ਸਿਰਫ਼ ਸ਼ਾਬਦਿਕ ਅਰਥ ਹੀ ਨਹੀਂ ਹੁੰਦੇ ਸਗੋਂ ਇਸ ਵਿਚ ਲੈਅ, ਧੁਨ, ਸੰਗੀਤਕਤਾ, ਸ਼ਬਦ ਚੋਣ ਆਦਿ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਭਾਸ਼ਾ ਦੇ ਇਸ ਪੱਖ ਨੂੰ ਉਹ ਸੈਮਿਓਟਿਕਸ (semiotics) ਆਖਦੀ ਹੈ। ਜਿੱਥੇ ਸ਼ਾਇਰ ਕਵਿਤਾ ਦੇ ਰੂਪ ਵਿਚ ਆਪਣੀ ਗੱਲ ਕਹਿਣ ਲੱਗਿਆਂ ਬਹੁਤ ਕੁੱਝ ਅਣਕਿਹਾ ਛੱਡ ਦਿੰਦਾ ਹੈ, ਉੱਥੇ ਪਾਠਕ/ਆਲੋਚਕ ਕਵਿਤਾ ਦਾ ਪਾਠ ਕਰਦਿਆਂ ਉਸ ਅਣਕਹੇ ਨੂੰ ਫਰੋਲਦਾ, ਪੜ੍ਹਦਾ, ਸਮਝਦਾ ਹੋਇਆ ਸ਼ਾਇਰ ਦੀ ਕਿਸੇ ਵੱਖਰੀ ਦੁਨੀਆ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਨਵ-ਉਸਾਰੀ ਹੀ ਸਾਨੂੰ ਕਵਿਤਾ ਦੇ ਕਾਵਿ-ਅਵਚੇਤਨ ਤੱਕ ਪਹੁੰਚਣ ਵਿਚ ਮਦਦ ਕਰਦੀ ਹੈ। ਗੁਰਭਜਨ ਗਿੱਲ ਨਿਰੰਤਰ ਲਿਖਣ ਵਾਲਾ ਪੰਜਾਬੀ ਸ਼ਾਇਰ ਹੈ। ਹੁਣ ਤੱਕ ਉਸਦੇ 7 ਕਾਵਿ ਸੰਗ੍ਰਿਹ, 5 ਗ਼ਜ਼ਲ ਸੰਗ੍ਰਿਹ, 1 ਗੀਤ ਸੰਗ੍ਰਹਿ, 2 ਰੁਬਾਈ ਸੰਗ੍ਰਿਹ ਅਤੇ ਸੁਚਿਤਰ ਵਾਰਤਕ ਦੀ ਇਕ ਪੁਸਤਕ ਛਪ ਚੁੱਕੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਰਚਨਾ ਪ੍ਰਕਿਰਿਆ ਪੂਰੀ ਤਰ੍ਹਾਂ ਪੰਜਾਬੀ ਕਾਵਿ ਸਾਹਿਤ ਨੂੰ ਸਮਰਪਿਤ ਹੈ। ਇੱਥੇ ਸਾਡੇ ਸਨਮੁਖ ਗੁਰਭਜਨ ਗਿੱਲ ਦਾ ਗ਼ਜ਼ਲ ਸੰਗ੍ਰਹਿ 'ਸੁਰਤਾਲ' ਹੈ। ਇਸ ਪੇਪਰ ਵਿਚ ਗ਼ਜ਼ਲ ਸੰਗ੍ਰਹਿ ਦੇ ਕਾਵਿ-ਅਵਚੇਤਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ।*

***ਕੀਵਰਡ (Keyword): ਅਵਚੇਤਨ, ਸਮੂਹਕ-ਅਵਚੇਤਨ, ਕਾਵਿ-ਅਵਚੇਤਨ, ਸੈਮਿਓਟਿਕਸ, ਕਾਵਿ-ਮੈਂ, ਕਾਵਿ-ਭਾਸ਼ਾ, ਸਮਾਜ ਸਭਿਆਚਾਰ।***

ਭਾਰਤੀ ਕਾਵਿ-ਸ਼ਾਸਤਰ ਕਾਵਿ ਦੀ ਆਤਮਾ ਦੇ ਪ੍ਰਸ਼ਨ ਦਾ ਉੱਤਰ ਲੱਭਣ ਉੱਪਰ ਆਪਣਾ ਸਾਰਾ ਚਿੰਤਨ ਕੇਂਦਰਿਤ ਕਰਦਾ ਹੈ। ਇਸੇ ਚਿੰਤਨ ਅਧੀਨ ਵੱਖ-ਵੱਖ ਕਾਵਿ-ਸ਼ਾਸਤਰੀ ਸੰਪਰਦਾਇਆਂ ਦਾ ਜਨਮ ਹੋਇਆ। ਇਨ੍ਹਾਂ ਸੰਪ੍ਰਦਾਇਆਂ ਨੇ ਆਪੋ-ਆਪਣੇ ਚਿੰਤਨ ਅਤੇ ਅਨੁਭਵ ਦੇ ਆਧਾਰ ਉੱਤੇ ਰਸ, ਧੁਨੀ, ਅਲੰਕਾਰ, ਵਿਕ੍ਰੋਕਤੀ ਆਦਿ ਨੂੰ ਕਵਿਤਾ ਦੀ ਆਤਮਾ ਸਿੱਧ ਕਰਨ ਦਾ ਯਤਨ ਕੀਤਾ। ਆਤਮਾ ਅਤੇ ਅਵਚੇਤਨ ਦਾ ਡੂੰਘਾ ਸੰਬੰਧ ਹੈ। ਰਸ ਸੰਪ੍ਰਦਾਇ ਜਦ ਵੱਖ-ਵੱਖ ਰਸਾਂ ਜਿਵੇਂ ਕਰੁਣਾ, ਹਾਸ, ਰੌਦਰ, ਸ਼ਾਂਤ ਆਦਿ ਦੇ ਸਿਧਾਂਤਕ ਪੱਖ ਦੀ ਗੱਲ ਕਰਦਾ ਹੈ ਤਾਂ ਮਨ ਵਿਚ ਵਿਦਮਾਨ ਸਥਾਈ-ਅਸਥਾਈ ਭਾਵ-ਵਿਭਾਵ ਦੀ ਗੱਲ ਕਰਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਭਾਰਤੀ ਕਾਵਿ ਸ਼ਾਸਤਰੀਆਂ ਦੁਆਰਾ ਸੁਝਾਏ ਕਵਿਤਾ ਦੇ ਨੌਂ ਰਸਾਂ ਬਾਬਤ ਗੱਲ ਕਰਦਿਆਂ ਲਿਖਦੇ ਹਨ:

> *"ਰਸ ਦੀ ਪੈਦਾਇਸ਼ ਲਈ ਸਥਾਈ ਭਾਵ, ਵਿਭਾਵ, ਅਨੁਭਾਵ ਤੇ ਸੰਚਾਰੀ ਭਾਵ ਚੌਹਾਂ ਦੇ ਸਹੀ ਮੇਲ ਦੀ ਲੋੜ ਪੈਂਦੀ ਹੈ। ਭਾਵਾਂ ਦੀ ਅਜਿਹੀ ਬਾਰੀਕ ਛਾਣ-ਬੀਣ ਦੱਸਦੀ ਹੈ ਕਿ ਹਿੰਦੁਸਤਾਨੀ ਸਾਹਿਤਕਾਰ ਬੜੀ ਭਾਰੀ ਮਨੋਵਿਗਿਆਨਕ ਸੂਝ-ਬੂਝ ਰੱਖਦੇ ਸਨ।"[1]*

ਮਨ ਦੇ ਸਥਾਈ-ਅਸਥਾਈ ਭਾਵਾਂ ਦਾ ਸੰਚਾਲਕ ਮੁੱਖ ਰੂਪ ਵਿਚ ਮਨੁੱਖ ਦਾ ਅਵਚੇਤਨ ਹੁੰਦਾ ਹੈ। ਪਰ ਭਾਸ਼ਾ ਰਾਹੀਂ ਭਾਵ-ਵਿਭਾਵ ਦੀ ਅਚੇਤ-ਸੁਚੇਤ

ਅਭਿਵਿਅਕਤੀ ਵੇਲੇ ਰਚੀ ਜਾ ਰਹੀ ਸਾਹਿਤਕ ਕਿਰਤ ਦਾ ਆਪਣਾ ਅਵਚੇਤਨ ਵੀ ਉਸਰਦਾ ਜਾਂਦਾ ਹੈ। ਉਸਰ ਰਹੇ ਇਸ ਅਵਚੇਤਨ ਨੂੰ ਸਾਹਿਤ ਆਲੋਚਨਾ ਦੀ ਭਾਸ਼ਾ ਵਿਚ ਕਾਵਿ-ਅਵਚੇਤਨ ਆਖਿਆ ਜਾਂਦਾ ਹੈ। ਇਸ ਸੰਬੰਧੀ ਪੱਛਮ ਦੇ ਵਿਦਵਾਨਾਂ ਵਿਚ ਵਧੇਰੇ ਚਰਚਾ ਹੋਈ ਮਿਲਦੀ ਹੈ। ਸਾਹਿਤ ਦੀਆਂ ਸਭ ਰਚਨਾਵਾਂ ਦਾ ਨਿਕਾਸ ਅਵਚੇਤਨ-ਮਨ (unconscious mind) ਦੀਆਂ ਡੂੰਘਾਈਆਂ ਵਿਚੋਂ ਹੀ ਹੁੰਦਾ ਮੰਨਿਆ ਜਾਂਦਾ ਹੈ। ਮਨੋ-ਵਗਿਆਨੀ ਸਿਗਮੰਡ ਫ਼ਰਾਇਡ ਅਨੁਸਾਰ ਮਨੁੱਖੀ-ਮਨ ਵਿਚ ਅਨੇਕਾਂ ਅਜਿਹੇ ਵਿਚਾਰ ਦਮਿਤ ਹੋਏ ਪਏ ਹੁੰਦੇ ਹਨ ਜੋ ਭਾਵੇਂ ਸਾਡੇ ਸੁਚੇਤ ਮਨ ਦਾ ਭਾਗ ਨਹੀਂ ਬਣਦੇ, ਪਰ ਉਹ ਵਿਅਕਤਿਤਵ ਦੇ ਸੰਗਠਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਫ਼ਰਾਇਡ ਦੇ ਮੁਕਾਬਲੇ ਯੁੰਗ ਨੇ 'ਸਮੂਹਕ ਅਵਚੇਤਨ' (Collective Unconscious) ਦਾ ਸੰਕਲਪ ਦਿੱਤਾ। ਡਾ. ਜਸਵੰਤ ਸਿੰਘ ਨੇਕੀ 'ਅਵੇਤਨ ਦੀ ਲੀਲ੍ਹਾ' ਵਿਚ 'ਸਮੂਹਕ ਅਵਚੇਤਨ' ਬਾਰੇ ਯੁੰਗ ਦੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ:

*"ਉਸ ਸਾਰੀ ਮਾਨਸਿਕ ਸਾਮੱਗ੍ਰੀ ਨੂੰ ਮੈਂ ਸਮੂਹਕ ਕਹਿੰਦਾ ਹਾਂ ਜੋ ਕਿਸੇ ਇਕ ਇਕੱਲੇ ਵਿਅਕਤੀ ਨਾਲ ਸੰਬੰਧਤ ਨਹੀਂ ਹੁੰਦੀ, ਸਗੋਂ ਜਿਸ ਦਾ ਸੰਬੰਧ ਇਕੋ ਵੇਲੇ ਅਨੇਕਾਂ ਵਿਅਕਤੀਆਂ, ਅਥਵਾ ਪੂਰੇ ਸਮਾਜ ਜਾਂ ਕੌਮ ਜਾਂ ਸਮੁੱਚੀ ਮਾਨਵਤਾ ਨਾਲ ਹੁੰਦਾ ਹੈ। ਇਹ 'ਸਾਮੱਗ੍ਰੀ ਸਮੂਹਕ' ਵਿਚਾਰਾਂ ਦੀ ਸਾਮੱਗ੍ਰੀ ਹੈ।"*[2]

ਯੱਕ ਲਾਕਾਂ (Jacques Lacan) ਨੇ ਅਵਚੇਤਨ ਦੀ ਨਵੀਂ ਪੜ੍ਹਤ ਪੇਸ਼ ਕੀਤੀ। ਲਾਕਾਂ ਅਨੁਸਾਰ :

*"The unconscious is structured like language."*[3]

ਇਸ ਉਕਤੀ ਦੁਆਰਾ ਯੱਕ ਲਾਕਾਂ ਨੇ ਫ਼ਰਾਇਡ ਦੇ ਅਵਚੇਤਨ ਸੰਬੰਧੀ ਸਿਧਾਂਤ ਦੀ ਵਿਆਖਿਆ ਭਾਸ਼ਾਗਤ ਅਧਿਐਨ ਹੇਠ ਕੀਤੀ ਹੈ, ਇਸ ਵਾਸਤੇ ਉਸਨੇ ਆਧੁਨਿਕ ਭਾਸ਼ਾ-ਵਿਗਿਆਨ ਦੇ ਨਿਯਮਾਂ ਨੂੰ ਆਧਾਰ ਬਣਾਇਆ। ਜੂਲੀਆ ਕ੍ਰਿਸਤੀਵਾ ਨੇ ਕਾਵਿ-ਅਵਚੇਤਨ ਨੂੰ ਭਾਸ਼ਾ ਦਾ ਸੈਮਿਓਟਿਕਸ ਪਹਿਲੂ ਕਿਹਾ ਹੈ। ਉਸ ਅਨੁਸਾਰ ਕਿਸੇ ਸਾਹਿਤਕ ਕਿਰਤ ਦੀ ਭਾਸ਼ਾ ਦੇ ਸਿਰਫ਼ ਸ਼ਾਬਦਿਕ ਅਰਥ ਹੀ ਨਹੀਂ ਹੁੰਦੇ ਸਗੋਂ ਇਸ ਵਿਚ ਲੈਅ, ਧੁਨ, ਸੰਗੀਤਕਤਾ, ਸ਼ਬਦ ਚੋਣ ਆਦਿ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਹ ਸਭ ਸਾਹਿਤਕ ਕਿਰਤ ਵਿਚ ਦਿਖਾਈ ਨਹੀਂ ਦਿੰਦਾ ਪਰ ਕਾਰਜਸ਼ੀਲ ਹੁੰਦਾ ਹੈ। ਭਾਸ਼ਾ ਦੇ ਇਸ ਪੱਖ ਨੂੰ ਉਹ ਸੈਮਿਓਟਿਕਸ (semiotics) ਆਖਦੀ ਹੈ ਉਸ ਅਨੁਸਾਰ:

*"Scientific discourse, for example … tends to reduce as much as possible the semiotic component. On contorary … (in) poetic language … the semiotic … tends to gain the upper hand."*[4]

ਭਾਸ਼ਾ ਦਾ ਇਹ ਗੁਣ ਸਾਹਿਤ ਨੂੰ ਬਾਕੀ ਅਨੁਸ਼ਾਸਨਾਂ ਤੋਂ ਨਿਖੇੜਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ[ਕਿਸੇ ਵੀ ਕਵਿਤਾ ਵਿਚ ਸਪਸ਼ਟ ਕਹੀ ਹੋਈ ਗੱਲ ਨਾਲੋਂ, ਉਸ ਪਿੱਛੇ ਛੁਪੀ ਖਾਮੋਸ਼ੀ ਵਧੇਰੇ ਸ਼ਕਤੀਸਾਲੀ ਹੁੰਦੀ ਹੈ ਕਿਉਂਕਿ ਇਹ ਖਾਮੋਸ਼ੀ ਸਾਨੂੰ ਕਵਿਤਾ ਦੇ ਸਤਹੀ ਅਰਥਾਂ ਤੋਂ ਪਾਰ ਇਕ ਅਜਿਹੇ ਜਗਤ ਵੱਲ ਲੈ ਕੇ ਜਾਂਦੀ ਹੈ, ਜਿੱਥੇ ਕਵਿਤਾ ਆਪਣੇ ਡੂੰਘੇ ਅਰਥਾਂ, ਖੱਪਿਆਂ ਅਤੇ ਖਾਮੋਸ਼ੀਆਂ ਦੀਆਂ ਪਰਤਾਂ ਵਿਚ ਛੁਪੀ ਹੁੰਦੀ ਹੈ। ਤਰਲੋਕ ਸਿੰਘ ਕੰਵਰ ਅਨੁਸਾਰ:

*"ਹਰ ਭਾਸ਼ਾਈ ਉਕਤੀ ਦੋ ਧਰਾਤਲਾਂ ਉੱਤੇ ਵਿਚਰਦੀ ਹੈ ਇਸਦਾ ਉਪਰਲਾ ਤੇ ਸਪਸ਼ਟ ਧਰਾਤਲ ਬੋਲੀ ਬੋਲਦਾ ਹੈ ਪਰ ਲੁਕਵਾਂ ਧਰਾਤਲ ਚੁੱਪ-ਚਾਪ ਇਕ ਖਾਮੋਸ਼ੀ ਵਿਚ ਇਸਦੇ ਨਾਲ-ਨਾਲ ਤੁਰਦਾ ਇਸਨੂੰ ਹਰ ਪੱਧਰ ਉੱਪਰ ਸੁਨੇਮਿਤ ਕਰਦਾ ਹੈ। ਉੱਪਰਲੀ ਪੱਧਰ ਨੂੰ ਅਸੀਂ ਚੇਤੰਨ ਪੱਧਰ ਕਹਿ ਸਕਦੇ ਹਾਂ ਤਾਂ ਲੁਕਵੀਂ ਪੱਧਰ ਨੂੰ ਅਵਚੇਤਨ ਪੱਧਰ ਕਹਿ ਸਕਦੇ ਹਾਂ.... ਜਿਵੇਂ ਜਿਵੇਂ ਕੋਈ ਰਚਨਾਕਾਰ ਕੋਈ ਰਚਨਾ ਰਚਦਾ ਹੈ ਤਿਵੇਂ ਤਿਵੇਂ ਉਹ ਇਕ ਵਿਸ਼ੇਸ਼ ਪ੍ਰਕਾਰ ਦੇ ਅਵਚੇਤਨ ਦੀ ਉਸਾਰੀ ਵੀ ਨਾਲੋ ਨਾਲ ਕਰਦਾ ਜਾਂਦਾ ਹੈ।"*[5]

ਜਿੱਥੇ ਸ਼ਾਇਰ ਕਵਿਤਾ ਦੇ ਰੂਪ ਵਿਚ ਆਪਣੀ ਗੱਲ ਕਹਿਣ ਲੱਗਿਆਂ ਬਹੁਤ ਕੁੱਝ ਅਣਕਿਹਾ ਛੱਡ ਦਿੰਦਾ ਹੈ, ਉੱਥੇ ਪਾਠਕ/ਆਲੋਚਕ ਕਵਿਤਾ ਦਾ ਪਾਠ ਕਰਦਿਆਂ ਉਸ ਅਣਕਹੇ ਨੂੰ ਫਰੋਲਦਾ, ਪੜ੍ਹਦਾ, ਸਮਝਦਾ ਹੋਇਆ ਸ਼ਾਇਰ ਦੀ ਕਿਸੇ ਵੱਖਰੀ ਦੁਨੀਆ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਕਵਿਤਾ ਵਿਚਲੀ ਸ਼ਬਦਕਾਰੀ, ਚਿਹਨਕਾਰੀ ਜਿੱਥੇ ਕਵਿਤਾ ਦੇ ਬਾਹਰੀ ਰੂਪ ਦੀ ਨੁਮਾਇੰਦਗੀ ਕਰਦੀ ਹੈ, ਉੱਥੇ ਉਸ ਵਿਚ ਛੁਪੇ ਹੋਏ ਅਰਥਾਂ ਦੀਆਂ ਪਰਤਾਂ ਨੂੰ ਪਾਠਕ ਨਿਖੇੜਦਾ ਚਲਾ ਜਾਂਦਾ ਹੈ। ਇਹ ਨਵ-ਉਸਾਰੀ ਹੀ ਸਾਨੂੰ ਕਵਿਤਾ ਦੇ ਕਾਵਿ-ਅਵਚੇਤਨ ਤੱਕ ਪਹੁੰਚਣ ਵਿਚ ਮਦਦ ਕਰਦੀ ਹੈ।

ਗੁਰਭਜਨ ਗਿੱਲ ਨਿਰੰਤਰ ਲਿਖਣ ਵਾਲਾ ਪੰਜਾਬੀ ਸ਼ਾਇਰ ਹੈ। ਹੁਣ ਤੱਕ ਉਸਦੇ 7 ਕਾਵਿ ਸੰਗ੍ਰਿਹ, 5 ਗ਼ਜ਼ਲ ਸੰਗ੍ਰਿਹ, 1 ਗੀਤ ਸੰਗ੍ਰਹਿ, 2 ਰੁਬਾਈ ਸੰਗ੍ਰਿਹ ਅਤੇ ਸੁਚਿਤਰ ਵਾਰਤਕ ਦੀ ਇਕ ਪੁਸਤਕ ਛਪ ਚੁੱਕੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਰਚਨਾ ਪ੍ਰਕਿਰਿਆ ਪੂਰੀ ਤਰ੍ਹਾਂ ਪੰਜਾਬੀ ਕਾਵਿ

ਸਾਹਿਤ ਨੂੰ ਸਮਰਪਿਤ ਹੈ। ਇੱਥੇ ਸਾਡੇ ਸਨਮੁਖ ਗੁਰਭਜਨ ਗਿੱਲ ਦਾ ਗ਼ਜ਼ਲ ਸੰਗ੍ਰਹਿ 'ਸੁਰਤਾਲ' ਹੈ। ਸਾਡਾ ਮਕਸਦ ਇਸ ਗ਼ਜ਼ਲ ਸੰਗ੍ਰਹਿ ਦੇ ਕਾਵਿ-ਅਵਚੇਤਨ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਮਕਸਦ ਦੀ ਪੂਰਤੀ ਹਿੱਤ ਅਸੀਂ ਇਨ੍ਹਾਂ ਗ਼ਜ਼ਲਾਂ ਦੀ ਵੱਖ-ਵੱਖ ਜ਼ਾਵੀਏ ਤੋਂ ਪੜਚੋਲ ਕਰਾਂਗੇ। ਪਹਿਲਾ ਜ਼ਾਵੀਆ ਗੁਰਭਜਨ ਗਿੱਲ ਦੀ ਗ਼ਜ਼ਲ ਵਿਚ ਉਸਦੇ ਨਿੱਜੀ ਅਵਚੇਤਨ ਦੀ ਅਚੇਤ-ਸੁਚੇਤ ਪੱਧਰ ਉੱਪਰ ਮੌਜੂਦ ਭੂਮਿਕਾ ਨੂੰ ਕਸ਼ੀਦਨ ਦਾ ਲਿਆ ਜਾ ਸਕਦਾ ਹੈ। ਉਸਦੀ ਗ਼ਜ਼ਲ ਨੂੰ ਉਸਦਾ ਨਿੱਜੀ ਅਵਚੇਤਨ ਬਹੁਤ ਥਾਂ ਸੰਚਾਲਿਤ ਜਾਂ ਨਿਯੰਤਰਿਤ ਕਰਦਾ ਦਿਖਦਾ ਹੈ ਜਿਵੇਂ :

*ਹੋਵੇ ਨਾ ਦਿਲਦਾਰ ਸੁਣਨ ਲਈ, ਕੋਲ ਜਦੋਂ,*
*ਸ਼ਬਦਾਂ ਨੂੰ ਹੀ ਹਾਲ ਸੁਣਾਇਆ ਜਾਂਦਾ ਹੈ।*
*ਰੂਹ ਤੋਂ ਭਾਰ ਉਤਾਰਨ ਦੇ ਸਭ, ਤਰਲੇ ਨੇ,*
*ਓਦਾਂ ਕਿੱਥੇ ਮਨ ਉਲਥਾਇਆ, ਜਾਂਦਾ ਹੈ।*

*(ਪੰਨਾ: 14)*

ਗ਼ਜ਼ਲਕਾਰ ਮਨ ਦੀ ਵੇਦਨਾ ਸਾਂਝੀ ਕਰਨ ਲਈ ਅਤੇ ਰੂਹ ਦਾ ਭਾਰ ਹੌਲਾ ਕਰਨ ਦਾ ਇੱਕੋ-ਇੱਕੋ ਸਾਧਨ ਸ਼ਬਦਾਂ ਨੂੰ ਸਮਝਦਾ ਹੈ। ਇਹ ਉਸਦੇ ਅਨੁਭਵ ਅਤੇ ਅਵਚੇਤਨ ਵਿੱਚੋਂ ਨਿੱਕਲਿਆ ਸਿੱਟਾ ਹੈ। ਪਹਿਲੇ ਸ਼ੇਅਰ ਦੀ ਦੂਸਰੀ ਪੰਕਤੀ ਵਿਚ ਆਇਆ ਸ਼ਬਦ 'ਹੀ' ਅਤੇ ਦੂਸਰੇ ਸ਼ੇਅਰ ਦੀ ਦੂਸਰੀ ਪੰਕਤੀ ਵਿਚ ਆਇਆ ਸ਼ਬਦ 'ਓਦਾਂ ਕਿੱਥੇ' ਰੂਹ ਦੇ ਭਾਰ ਅਤੇ ਤਨ-ਮਨ ਦੇ ਹਾਲ ਨੂੰ ਸ਼ਬਦ ਦੇ ਹਵਾਲੇ ਕਰਨ ਦੇ ਇਕਲੌਤੇ ਵਿਕਲਪ ਦੀ ਗਵਾਹੀ ਭਰਦੇ ਹਨ। ਉਪਰੋਕਤ ਸ਼ੇਅਰਾਂ ਵਿਚ ਸ਼ਬਦ 'ਰੂਹ' ਗ਼ਜ਼ਲਕਾਰ ਦੀ ਸਮੁੱਚੀ ਹੋਂਦ ਦੀ ਪ੍ਰਤੀਨਿਧਤਾ ਕਰ ਰਹੀ ਹੈ। ਉਸਦੀ ਗ਼ਜ਼ਲ ਨੂੰ ਸੰਚਾਲਿਤ ਕਰ ਰਹੇ ਉਸਦੇ ਨਿੱਜੀ ਅਵਚੇਤਨ ਦੇ ਹੋਰ ਵੀ ਬਹੁਤ ਸਾਰੇ ਪ੍ਰਮਾਣ ਦੇਖੇ ਜਾ ਸਕਦੇ ਹਨ, ਮਸਲਨ ਉਹ ਆਪਣੀ ਗ਼ਜ਼ਲ ਵਿਚ ਮੈਂ/ ਸਾਡੇ/ ਅਸੀਂ/ ਮੇਰੇ/ ਮੇਰੀ/ ਮੇਰਾ/ ਮੈਨੂੰ/ ਆਪਣੀ ਅਤੇ ਤੂੰ/ਤੁਸੀਂ/ਤੇਰੇ/ਤੇਰੀ/ਤੇਰਾ/ਤੈਨੂੰ ਦੇ ਜੁੱਟ ਦੀ ਅਕਸਰ ਵਰਤੋਂ ਕਰਦਾ ਹੈ। ਇਹ ਜੁੱਟ ਨਿੱਜੀ ਅਵਚੇਤਨ ਦੀ ਗਹਿਰਾਈ ਵਿੱਚੋਂ ਨਿਕੱਲਕੇ ਹੀ ਸ਼ਾਇਰੀ ਦਾ ਰੂਪ ਧਾਰਦੇ ਹਨ:

*ਮੈਂ ਨਾਲ ਤੇਰੇ ਤੁਰ ਰਿਹਾਂ, ਖ਼ੁਸ਼ਬੂ ਤੇ ਪੌਣ ਵਾਂਗ,*
*ਮੈਨੂੰ ਤੂੰ ਦਰਦ ਸੌਂਪ ਦੇ, ਮਨ ਤੋਂ ਉਤਾਰ ਕੇ ।*

*(ਪੰਨਾ: 56)*

*ਤੂੰ ਦੋ ਕਦਮ ਅਗਾਂਹ ਜੇ ਆਵੇਂ , ਚਾਰ ਕਦਮ ਮੈਂ ਆਵਾਂਗਾ,*
*ਜਾਹ ਤੁਰਿਆ ਫਿਰ, ਜੇ ਤੂੰ ਮੈਨੂੰ, ਜਿੱਤਣਾ ਹੈ ਹੰਕਾਰ ਦੇ ਨਾਲ।*

*(ਪੰਨਾ: 132)*

ਉਸਦੇ ਨਿੱਜੀ ਅਵਚੇਤਨ ਦਾ ਇੱਕ ਹੋਰ ਪਹਿਲੂ ਉਸਦੇ ਨਿੱਜੀ ਰਿਸ਼ਤੇ ਜਿਵੇਂ ਪੁਰਖੇ/ ਮਾਂ/ ਬਾਬਲ /ਬੀਵੀ /ਬੱਚੜੇ /ਧੀ /ਚਾਚੀ /ਤਾਈ /ਯਾਰ /ਮਹਿਬੂਬ /ਪਿੰਡ/ਘਰ ਆਦਿ ਵੀ ਉਸਦੀ ਗ਼ਜ਼ਲ ਦੇ ਨਾਲ-ਨਾਲ ਚੱਲ ਰਹੀ ਖਾਮੋਸ਼ੀ ਵਿਚ ਵਿਦਮਾਨ ਨਜ਼ਰ ਆਉਂਦੇ ਹਨ। ਪਰ ਇਸ ਪਹਿਲੂ ਦੀ ਖ਼ੂਬਸੂਰਤੀ ਇਸ ਗੱਲ ਵਿਚ ਹੈ ਕਿ ਇਹ ਦੋ ਸ਼ਤਰਾਂ ਦੇ ਸ਼ੇਅਰ ਵਿਚ ਹੀ ਆਪਣੀ ਨਿੱਜਤਾ ਦੇ ਲਿਹਾਫ਼ 'ਚੋਂ ਬਾਹਰ ਆ ਕੇ ਸਮੂਹਕਤਾ ਦਾ ਪ੍ਰਤੀਨਿਧ ਬਣ ਜਾਂਦਾ ਹੈ। ਅਵਚੇਤਨ ਦੇ ਇਸ ਰੂਪਾਂਤਰਣ ਨੂੰ ਗ਼ਜ਼ਲ ਵਿਚਲੀ ਖਾਮੋਸ਼ੀ ਸੰਭਾਲਦੀ ਅਤੇ ਉਸਾਰਦੀ ਜਾਂਦੀ ਹੈ। ਉਸਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਨੂੰ ਪਿੱਠਭੂਮੀ ਵਿਚ ਇਸੇ ਅਵਚੇਤਨੀ ਪਾਸਾਰ ਨੇ ਘੜਿਆ ਹੈ:

*ਇਸ ਵਿਚ ਮੈਂ ਤੇ ਪੁਰਖੇ ਰਹਿੰਦੇ, ਖੇਡਣ ਬੱਚੜੇ ਸ਼ਾਮ ਸਵੇਰ,*
*ਨਿੱਤਨੇਮਣ ਬੀਵੀ ਦੇ ਕਾਰਨ, ਘਰ ਇਹ ਸਿਰਫ਼ ਮਕਾਨ ਨਹੀਂ।*

*(ਪੰਨਾ: 24)*

*ਨਹੀਓਂ ਲੱਭਣੇ ਲਾਲ ਗੁਆਚੇ, ਜਾਣਦਿਆਂ ਵੀ ਤੁਰ ਪੈਨਾਂ,*
*ਵਿੱਛੜੇ ਯਾਰ ਮੁਹੱਬਤਾਂ ਵਾਲੇ, ਕੈਦਾਂ ਤੋੜ ਸਰੀਰ ਦੀਆਂ।*

*(ਪੰਨਾ: 55)*

*ਸੁਪਨੇ ਵਿਚ ਮੈਂ ਰੋਜ਼ ਦੇਖ ਰਿਹਾਂ, ਮੇਰੀ ਮਾਂ ਤੇ ਚਾਚੀ ਤਾਈ ਸਭ,*
*ਹਾਲੇ ਵੀ ਸਾਂਝਾ ਬਾਲਣ ਲੈ, ਹਰ ਸ਼ਾਮ ਤੰਦੂਰ ਤਪੌਂਦੀਆਂ ਨੇ।*

*(ਪੰਨਾ: 80)*

*ਸਾਡੇ ਪਿੰਡ ਓਸੇ ਨੂੰ ਹਵਾਵਾਂ ਦੇਣ ਲੋਰੀਆਂ,*
*ਕੰਧ ਨਾਲ ਖੜ੍ਹਾ ਮੰਜਾ ਜਿਹੜਾ ਛਾਵੇਂ ਡਾਹ ਲਵੇ।*

*(ਪੰਨਾ: 84)*

ਅਵਚੇਤਨ ਦਾ ਸੰਸਾਰ ਦਰਿਆਵਾਂ-ਸਮੁੰਦਰਾਂ ਤੋਂ ਵੀ ਡੂੰਘਾ ਹੈ। ਪਰ ਮਨੁੱਖ ਦੇ ਮਨ ਦੇ ਹਾਲਾਤ ਦਾ ਨੀਮ ਅੰਦਾਜ਼ਾ ਉਸਦੀ ਸਰੀਰਕ ਭਾਸ਼ਾ ਤੋਂ ਵੀ ਅਕਸਰ ਲੱਗ ਜਾਂਦਾ ਹੈ। ਸਰੀਰਕ ਭਾਸ਼ਾ ਤੋਂ ਭਾਵ ਮਨ ਦੀ ਹਾਲਤ ਦਾ ਸਰੀਰ ਵੱਲੋਂ ਅਚੇਤ-ਸੁਚੇਤ ਪ੍ਰਗਟਾਵਾ ਹੈ। ਪਰ ਅਸੀਂ ਤਾਂ ਗੱਲ ਕਾਵਿ ਦੀ ਕਰ ਰਹੇਂ ਹਾਂ, ਗੱਲ ਗ਼ਜ਼ਲ ਦੀ ਕਰ ਰਹੇ ਹਾਂ। ਗੁਰਭਜ਼ਨ ਗਿੱਲ ਦੀ ਗ਼ਜ਼ਲ ਨੂੰ ਰਤਾ ਗੌਰ ਨਾਲ ਪੜ੍ਹੀਏ ਤਾਂ ਏਸਦੇ ਨਿੱਜੀ ਅਵਚੇਤਨ ਦਾ ਪ੍ਰਗਟਾਵਾ ਸਰੀਰਕ ਅੰਗਾਂ ਦੀ ਭਾਸ਼ਾ ਵਿਚ ਸ਼ਬਦਾਂ ਦਾ ਹਿੱਸਾ ਬਣਿਆ ਹੈ। ਇਸਦੇ ਸਰੀਰਕ ਭਾਸ਼ਾ ਦੇ ਸ਼ਬਦੀ

ਪ੍ਰਮਾਣ ਜਦ ਗ਼ਜ਼ਲ ਵਿਚ ਥਾਂ-ਥਾਂ ਦੇਖਦੇ ਹਾਂ ਤਾਂ 'ਸੁਰਤਾਲ' ਦੇ ਕਾਵਿ-ਅਵਚੇਤਨ ਦੀ ਇਸਦੀ ਸ਼ਬਦ ਬੁਣਤੀ ਵਿਚ ਨਿਰੰਤਰ ਕਾਰਜਸ਼ੀਲਤਾ ਦਾ ਇੱਕ ਵੱਖਰਾ ਰੰਗ ਦੇਖਣ ਨੂੰ ਮਿਲਦਾ ਹੈ:

*ਦਰਦ ਸਿਆਹੀ ਨਾਲ ਤੂੰ ਲੀਕਾਂ ਵਾਹੀਆਂ ਨੇ ।*
*ਦਿਲ ਤੇ ਅੱਖੀਆਂ ਦੋਵੇਂ ਹੀ ਭਰ ਆਈਆਂ ਨੇ।*
*ਮੱਥਾ ਟਸ ਟਸ ਕਰਦੈ ਕਹਿ ਕੁੱਝ ਸਕਦਾ ਨਾ,*
*ਰੂਹ ਦੇ ਬਾਗੀਂ ਕੋਇਲਾਂ ਵੀ ਕੁਰਲਾਈਆਂ ਨੇ।*

*(ਪੰਨਾ: 154)*

*ਲਾਜਵੰਤੀ ਦੇ ਵਾਂਗ ਮੈਂ ਵੀ ਖੋਲ੍ਹੀ ਨਾ ਜ਼ੁਬਾਨ,*
*ਉਹ ਵੀ ਛੂਈ ਮੂਈ ਛੂਈ ਮੂਈ ਬੜਾ ਸੰਗਿਆ।*

*(ਪੰਨਾ: 49)*

ਗੁਰਭਜਨ ਗਿੱਲ ਦੀ ਗ਼ਜ਼ਲ ਵਿਚ ਨਿੱਜੀ ਅਵਚੇਤਨ ਦਾ ਇੱਕ ਪਾਸਾਰ ਉਸਦੀ ਸ਼ਖ਼ਸੀਅਤ ਵੀ ਹੈ। ਜਿੱਥੇ ਗ਼ਜ਼ਲ ਦੇ ਨਾਲ ਨਾਲ ਗ਼ਜ਼ਲਕਾਰ ਦੀ ਸ਼ਖ਼ਸੀਅਤ ਅਵਚੇਤਨ ਰੂਪ ਵਿਚ ਗ਼ਜ਼ਲਾਂ ਵਿਚ ਰੂਪਮਾਨ ਹੋ ਰਹੀ ਹੈ, ਉੱਥੇ ਦੂਜੇ ਪਾਸੇ ਉਸਦੀਆਂ ਗ਼ਜ਼ਲਾਂ ਨੂੰ ਖਾਸ ਸਰੂਪ ਵਿਚ ਘੜਣ ਲਈ ਇਹ ਕਾਵਿ-ਅਵਚੇਤਨ ਵੱਜੋਂ ਵੀ ਕੰਮ ਕਰ ਰਹੀ ਦਿਖਦੀ ਹੈ। ਗੁਰਭਜਨ ਗਿੱਲ ਦੀ ਸ਼ਖ਼ਸੀਅਤ ਦੇ ਅਨੇਕਾਂ ਪਹਿਲੂ 'ਸੁਰਤਾਲ' ਵਿਚੋਂ ਪਛਾਣੇ ਜਾ ਸਕਦੇ ਹਨ। ਇਹ ਪਹਿਲੂ ਕਾਵਿ-ਮੈਂ ਦੇ ਰੂਪ ਵਿਚ ਵੀ ਉਸਰਦੇ ਹਨ ਅਤੇ ਗ਼ਜ਼ਲ ਦੀ ਵਸਤੂ ਵੱਜੋਂ ਵੀ। ਗ਼ਜ਼ਲ ਦੀ ਹੇਠਲੀ ਤਹਿ ਵਿਚ ਬਿਰਾਜਮਾਨ ਉਸਦੀ ਸ਼ਖ਼ਸੀਅਤ ਨੇ ਅਚੇਤ ਤੌਰ 'ਤੇ ਗੁਰਭਜਨ ਗਿੱਲ ਦੀ ਗ਼ਜ਼ਲ ਸ਼ੈਲੀ ਨੂੰ ਮੁਹਾਂਦਰਾ ਬਖ਼ਸ਼ਿਆ ਹੈ ਤੇ ਨਾਲ ਹੀ ਇਸਨੂੰ ਆਦਰਸ਼ਵਾਦੀ ਰੰਗਤ ਵੀ ਦਿੱਤੀ ਹੈ। 'ਸੁਰਤਾਲ' ਦੇ ਕਾਵਿ-ਅਵਚੇਤਨ ਵਿਚ ਉਸਦੀ ਸਖਸੀਅਤ ਦੀ ਅਚੇਤ-ਸੁਚੇਤ ਭੂਮਿਕਾ ਦੀ ਉਦਾਹਰਣ ਦੇਖੋ :

*ਵਕਤ ਦੇ ਘੋੜੇ ਸਵਾਰੀ ਕਰਨ ਵਾਲਾ ਸ਼ੌਕ ਹੈ,*
*ਨੀਂਦਰਾਂ ਨਹੀਂ ਆਉਂਦੀਆਂ, ਮੈਂ ਪੂਰਨੈਂ ਇਕਰਾਰ ਨੂੰ।*

*(ਪੰਨਾ: 32)*

*ਪਹਿਰੇਦਾਰ ਵਿਰਾਸਤ ਦਾ ਹਾਂ, ਧਰਤੀ ਧਰਮ ਨਿਭਾਵਾਂਗਾ ਮੈਂ,*

*(ਪੰਨਾ: 48)*

*ਮਿਠੜੀ ਮਾਤ-ਜ਼ਬਾਨ ਭਰਾਵਾ, ਛੱਡੀਂ ਨਾ ਗੁਰਭਜਨ ਸਿਹਾਂ ਤੂੰ,*
*ਇਹਦੇ ਕਰਕੇ ਆਪਾਂ ਕਹੀਏ, ਅਹੁ ਸਾਡਾ ਸਰਦਾਰ ਬੋਲਦਾ।*

*(ਪੰਨਾ: 108)*

*ਪੱਕਾ ਰਿਸ਼ਤਾ ਨਾਲ ਗੁਰੂ ਦੇ ਕੇਵਲ ਗੰਢ ਚਿਤਰਾਵਾ ਨਹੀਉਂ।*

*(ਪੰਨਾ: 48)*

ਉਸਦੀ ਗ਼ਜ਼ਲਕਾਰੀ ਨੂੰ ਗਹੁ ਨਾਲ ਵਾਚਿਏ ਤਾਂ ਪਤਾ ਚੱਲਦਾ ਹੈ ਕਿ ਉਸਦੀ ਸ਼ਖਸੀਅਤ ਉਸਦੀ ਗ਼ਜ਼ਲ ਵਿਚ ਘੁਲ-ਮਿਲ ਗਈ ਹੈ। ਆਪਣੀ ਸ਼ਖਸੀਅਤ ਦੇ ਖਜ਼ਾਨੇ ਨੂੰ ਉਹ ਆਪਣੀ ਗ਼ਜ਼ਲਕਾਰੀ ਰਾਹੀਂ ਵੰਡਦਾ ਨਜ਼ਰ ਆਉਂਦਾ ਹੈ। ਇਹ ਸ਼ਖਸੀਅਤ ਅਤੇ ਸ਼ਬਦ ਦੇ ਇਸ ਸੁਮੇਲ ਨੇ ਉਸਦੀ ਗ਼ਜ਼ਲ ਨੂੰ ਮੌਲਿਕਤਾ ਅਤੇ ਉਸ ਵਰਗੀ ਕੋਮਲਤਾ ਪ੍ਰਦਾਨ ਕੀਤੀ। ਇਸ ਸੁਮੇਲ ਦੀ ਉਦਾਹਰਣ ਦੇਖੋ :

*ਅੱਥਰੂ ਜਦ ਅੱਖ ਅੰਦਰ ਸੀ ਤਾਂ ਤੁਪਕੇ ਵਾਂਗ ਸੀ,*
*ਵਹਿ ਗਿਆ ਤਾਂ ਦੇਖ ਲੈ, ਪਲ ਵਿਚ ਸਮੁੰਦਰ ਹੋ ਗਿਆ।*

*(ਪੰਨਾ: 117)*

ਉਪਰੋਕਤ ਚਰਚਾ ਵਿਚ ਅਸੀਂ 'ਸੁਰਤਾਲ' ਦੇ ਕਾਵਿ-ਅਵਚੇਤਨ ਨੂੰ ਨਿੱਜੀ ਅਵਚੇਤਨ ਦੇ ਜ਼ਾਵੀਏ ਤੋਂ ਫੜਣ ਦਾ ਯਤਨ ਕੀਤਾ ਅਤੇ ਇਸਦੇ ਬਹੁਤ ਸਾਰੇ ਪਹਿਲੂ ਕਾਰਜਸ਼ੀਲ ਨਜ਼ਰ ਆਏ। ਪਰ ਸਾਹਿਤ ਦੇ ਪ੍ਰਸੰਗ ਵਿਚ ਦੇਖੀਏ ਤਾਂ ਫ਼ਰਾਇਡ ਦੇ ਸਮਕਾਲੀ ਕਾਰਲ ਜੁੰਗ ਦੁਆਰਾ ਦਿੱਤੇ ਸਮੂਹਕ ਅਵਚੇਤਨ ਦੇ ਸੰਕਲਪ ਦੀ ਮਹੱਤਤਾ ਨਿੱਜੀ ਅਵਚੇਤਨ ਤੋਂ ਜਿਆਦਾ ਮਹੱਤਵਪੂਰਨ ਹੈ। ਕਿਉਂਕਿ ਸਾਹਿਤ ਵਿਚ ਸਮਾਜ ਦਾ ਹਿੱਤ ਛੁਪਿਆ ਹੁੰਦਾ ਹੈ, ਇਸ ਲਈ ਜਿਸ ਸਾਹਿਤ ਦੀ ਉਸਾਰੀ ਵਿਚ ਸਮੂਹਕ ਅਵਚੇਤਨ ਜਿਨ੍ਹਾਂ ਜਿਆਦਾ ਕਾਰਜਸ਼ੀਲ ਹੁੰਦਾ ਹੈ, ਉਹ ਸਾਹਿਤ ਹੀ ਸਮੁੱਚੇ ਸਮਾਜ ਦੀ ਵਧੀਆ ਪ੍ਰਤੀਨਿਧਤਾ ਕਰਦਾ ਹੈ ਅਤੇ ਸਮਾਜਕ ਪ੍ਰਵਾਨਗੀ ਵੀ ਵਧੇਰੇ ਗ੍ਰਹਿਣ ਕਰਦਾ ਹੈ। 'ਸੁਰਤਾਲ' ਦਾ ਪਾਠ ਕਰਦਿਆਂ ਅਸੀਂ ਪਾਉਣੇ ਹਾਂ ਕਿ ਇਸ ਵਿਚ ਸਮੂਹਕ ਅਵਚੇਤਨ ਦੀ ਹਾਜ਼ਰੀ ਨਿੱਜੀ ਅਵਚੇਤਨ ਤੋਂ ਵੀ ਜਿਆਦਾ ਸਰਗਰਮ ਹੈ। ਇਸ ਹਾਜ਼ਰੀ ਨੂੰ ਅਨੇਕਾਂ ਨੁਕਤਿਆਂ ਦੀ ਨਜ਼ਰ ਵਿਚ ਪਛਾਣਿਆ ਜਾ ਸਕਦਾ ਹੈ।

ਗ਼ਜ਼ਲਕਾਰ ਦੀ ਸਿਰਜਣ ਪ੍ਰਕਿਰਿਆ ਜਿਸ ਖਿੱਤੇ ਦਾ ਵਿਚ ਪ੍ਰਵਾਨ ਚੜ੍ਹਦੀ ਹੈ, ਉਹ ਪੰਜਾਬ ਹੈ। ਪੰਜਾਬ ਨਿਰਾ ਭੂਗੋਲਿਕ ਜਗ੍ਹਾ ਦਾ ਨਾਮ ਨਹੀਂ ਹੈ, 'ਪੰਜਾਬ' ਸ਼ਬਦ ਪੰਜਾਬੀ ਅਤੇ ਪੰਜਾਬੀਅਤ ਨੂੰ ਦਰਸ਼ਾਉਂਦਾ ਇਕ ਵਸੀਹ ਬਿੰਬ ਪੇਸ਼ ਕਰਦਾ ਹੈ। ਕੋਈ ਪੰਜਾਬੀ ਧਰਤੀ ਦੇ ਕਿਸੇ ਵੀ ਕੋਨੇ ਵਿਚ ਹੋਵੇ ਪੰਜਾਬ ਉਸਦੇ ਸਮੂਹਕ ਅਵਚੇਤਨ ਦਾ ਆਧਾਰ ਹੈ। ਉਸਦੀ ਹਰ ਸੱਧਰ ਅਤੇ

ਦੁਆ ਇਸ ਸ਼ਬਦ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੀ ਮਿਲੇਗੀ। ਗੁਰਭਜਨ ਗਿੱਲ ਦੀ ਗ਼ਜ਼ਲਕਾਰੀ ਦੀ ਖਾਮੋਸ਼ੀ ਅਤੇ ਸਰਗੋਸ਼ੀ ਦੋਵਾਂ ਨੂੰ ਹੀ ਘੜਣ ਵਿਚ ਪੰਜਾਬ ਕਦਮ-ਕਦਮ ਉੱਪਰ ਵਿਚਰਦਾ ਦਿਖਦਾ ਹੈ।

*ਸਾਡੇ ਹੁੰਦੇ ਸੁੰਦਿਆਂ ਪੰਜਾਬ ਗਿਆ ਠੱਗਿਆ,*
*ਠੱਗਿਆ ਵੀ ਏਦਾਂ ਸਾਨੂੰ ਪਤਾ ਵੀ ਨਾ ਲੱਗਿਆ।*
*(ਪੰਨਾ: 72)*

*ਬਚ ਜਾ ਪੰਜਾਬ ਸਿੰਹਾਂ, ਚੌਕੀਦਾਰ ਕਹਿ ਗਿਆ,*
*ਓਨਾ ਤਾਂ ਬਚਾ ਲੈ, ਜਿੰਨਾ ਪੱਲੇ ਤੇਰੇ ਰਹਿ ਗਿਆ।*
*(ਪੰਨਾ: 75)*

ਪੰਜਾਬ ਆਪਣੇ ਨਾਮ ਨਾਲ ਹੀ ਨਹੀਂ ਅਸਿੱਧੇ ਰੂਪ ਨਾਲ ਵੀ ਉਸਦੀ ਗ਼ਜ਼ਲ ਵਿਚ ਹਾਜ਼ਰ ਹੈ ਜਿਵੇਂ :

*ਮੈਂ ਵੀ ਨਿਰਮਲ ਨੀਰ ਕਦੇ ਸੀ ਸਤਿਲੁਜ ਦਾ ਸਾਂ ਵਹਿਣ ਦੋਸਤੋ।*
*ਹੁਣ ਤਾਂ ਮੈਨੂੰ ਬੁੱਢੇ ਤਾਈਂ ਗੰਦਾ ਨਾਲਾ ਕਹਿਣ ਦੋਸਤੋ।*
*(ਪੰਨਾ: 82)*

ਮਾਂ ਬੋਲੀ ਪੰਜਾਬੀ ਜਿਸ ਤਰ੍ਹਾਂ ਗ਼ਜ਼ਲਕਾਰ ਗੁਰਭਜਨ ਗਿੱਲ ਦੇ ਸਮੂਹਕ ਅਵਚੇਤਨ ਦੀ ਰੂਹ ਹੈ ਉਸੇ ਤਰ੍ਹਾਂ ਇਹ ਉਸਦੀ ਗ਼ਜ਼ਲਕਾਰੀ ਦੀ ਵੀ ਜਿੰਦ-ਜਾਨ ਬਣ ਗਈ ਹੈ। ਕਿਸੇ ਵੀ ਸਮਾਜ ਦੀ ਭਾਸ਼ਾ ਜਿਸ ਤਰ੍ਹਾਂ ਉਸ ਸਮਾਜ ਦੇ ਸਮੂਹਕ ਅਵਚੇਤਨ ਨੂੰ ਉਸਾਰਣ ਅਤੇ ਸਾਂਭਣ ਵਿਚ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੀ ਹੈ, ਉਸੇ ਤਰ੍ਹਾਂ ਜਦੋਂ ਗੱਲ ਸਾਹਿਤਕ ਕਿਰਤ ਦੇ ਅਵਚੇਤਨ ਦੀ ਆਉਂਦੀ ਹੈ ਤਾਂ ਉਸ ਪਿੱਛੇ ਵੀ ਭਾਸ਼ਾਈ ਅਵਚੇਤਨ ਕੰਮ ਕਰਦਾ ਹੈ। ਬਹੁਤ ਸਾਰੇ ਪੰਜਾਬੀ ਸ਼ਾਇਰਾਂ ਦੀ ਸ਼ਾਇਰੀ ਨੂੰ ਪੰਜਾਬੀ ਭਾਸ਼ਾ ਦੇ ਵਿਸ਼ੇਸ਼ ਇਤਿਹਾਸ, ਪ੍ਰਕਿਰਤੀ ਅਤੇ ਅਪੱਣਤ ਨੇ ਪ੍ਰਭਾਵਿਤ ਕੀਤਾ ਹੈ। ਇਕ ਪਾਸੇ ਜਿੱਥੇ 'ਸੁਰਤਾਲ' ਆਪਣੀ ਮਾਂ ਬੋਲੀ ਦੇ ਸੋਹਲੇ ਗਾਉਣ ਦੇ ਰੂਪ ਵਿਚ ਇਸ ਤੋਂ ਪ੍ਰਭਾਵ ਗ੍ਰਹਿਣ ਕਰਦੀ ਹੈ, ਇਸ ਦੇ ਨਾਲ ਹੀ ਵਿਸਾਰੀ ਜਾ ਰਹੀ ਮਾਂ ਬੋਲੀ ਨੂੰ ਸਾਂਭਣ ਦਾ ਯਤਨ ਉਸਦੀ ਗ਼ਜ਼ਲ ਕਿਸੇ ਫ਼ਰਜ਼ ਵਾਂਗ ਕਰਦੀ ਜਾਪਦੀ ਹੈ। ਪੰਜਾਬੀ ਪ੍ਰਤੀ ਹੇਰਵਾ ਅਤੇ ਪੰਜਾਬੀ ਦਾ ਵੇਰਵਾ ਉਸਦੀ ਗ਼ਜ਼ਲਕਾਰੀ ਦੇ ਸਮੂਹਕ ਅਵਚੇਤਨ ਦਾ ਅਹਿਮ ਅੰਗ ਹੋ ਨਿਬੜਿਆ ਹੈ। ਇਹ ਪ੍ਰਭਾਵ ਸਮੂਹਕ ਅਵਚੇਤਨ ਅਤੇ ਨਿੱਜੀ ਚੇਤਨਤਾ ਦੇ ਹਵਾਲੇ ਨਾਲ 'ਸੁਰਤਾਲ' ਵਿਚ ਵਹਿੰਦਾ ਨਜ਼ਰ ਆਉਂਦਾ ਹੈ:

*ਧੋਤੇ ਨਾਲ ਪੁਤੇਤੇ ਰਲ ਗਏ, ਪੀ ਗਏ ਦਾਰੂ ਦਾ ਦਰਿਆ।*
*ਦੀਵੇ ਬੁਝੇ ਦਵਾਖੜੀਆਂ 'ਚੋਂ, ਘਰਕੀਣਾਂ ਨੂੰ ਥਾਂ ਮਿਲਿਆ।*
*(ਪੰਨਾ: 23)*

*ਸਾਡੇ ਬੱਚਿਆਂ ਦੇ ਮੱਥਿਆਂ 'ਤੇ, ਖੁਰਚਣਗੇ ਹੁਣ ਏ. ਬੀ. ਸੀ. ਡੀ.,*
*ਊੜੇ ਐੜੇ ਵਾਲੀ ਤਖ਼ਤੀ ਗੁਰੂ-ਗਿਆਨੀ ਪੋਚ ਰਹੇ ਨੇ।*
*(ਪੰਨਾ: 115)*

ਪੰਜਾਬੀ ਸਾਹਿਤ ਦਾ ਇਤਿਹਾਸ ਲੋਕ ਸਾਹਿਤ, ਨਾਥ ਜੋਗੀ, ਸੂਫ਼ੀ, ਕਿੱਸਾ, ਗੁਰਮਤਿ, ਵਾਰ ਆਦਿ ਧਾਰਾਵਾਂ ਦਾ ਅਨੋਖਾ ਸੰਗਮ ਹੈ। ਸਮੂਹਕ ਰੂਪ ਵਿਚ ਇਸ ਸੰਗਮ ਨੇ ਪੰਜਾਬੀ ਸਾਹਿਤ ਦੇ ਨਿਰੰਤਰ ਪ੍ਰਵਾਹ ਨੂੰ ਦਿਸ਼ਾ ਦਿੱਤੀ ਹੈ। ਕਿਸੇ ਸਾਹਿਤਕਾਰ ਨੇ ਵੱਧ ਕਿਸੇ ਨੇ ਘੱਟ ਪਰ ਕੁੱਲ ਮਿਲਾ ਕੇ ਸਭ ਦੇ ਰਚੇ ਸਾਹਿਤ ਦੇ ਅਵਚੇਤਨ ਵਿਚ ਮੱਧਕਾਲੀਨ ਪੰਜਾਬੀ ਸਾਹਿਤ ਦੀ ਭੂਮਿਕਾ ਲੱਭੀ ਜਾ ਸਕਦੀ ਹੈ। ਗੁਰਭਜਨ ਗਿੱਲ ਦੀ ਗ਼ਜ਼ਲ ਇਨ੍ਹਾਂ ਧਾਰਾਵਾਂ ਸਿਖਰਲੇ ਸ਼ਾਇਰਾਂ ਨੂੰ ਸਿਜਦਾ ਕਰਦਿਆਂ ਇਹ ਪ੍ਰਭਾਵ ਕਬੂਲਦੀ ਹੈ। 'ਸੁਰਤਾਲ' ਦੇ ਕਾਵਿ-ਅਵਚੇਤਨ ਵਿਚ ਇਸ ਪ੍ਰਭਾਵ ਦੀਆਂ ਪੈੜਾਂ ਅਮਿੱਟ ਹਨ:

*ਮਾਧੋ ਲਾਲ ਹੁਸੈਨ ਦੇ ਹੁਜਰੇ ਸ਼ਬਦ ਅਗਨ ਦੇ ਘੜਦਾ ਤੀਰ,*
*ਪੰਜ ਦਰਿਆ ਜਿਸ ਅੰਦਰ ਸੂਕਣ, ਦਾਮਨ ਸੀ ਉਸਤਾਦ ਫ਼ਕੀਰ।*
*ਵਾਹ ਉਏ ਸ਼ਾਇਰਾ ! ਪਹਿਰੇਦਾਰਾ ਮਾਂ ਬੋਲੀ ਤੇ ਗ਼ੈਰਤ ਦੇ,*
*ਪਿਆਸ ਮਿਟਾਵਣ ਮੇਰੀ, ਤੇਰੇ ਬੋਲ ਜੋ ਨਦੀਉਂ ਨਿੱਖੜੇ ਨੀਰ।*
*(ਪੰਨਾ: 76)*

ਬਹੁਤੇ ਆਧੁਨਿਕ ਪੰਜਾਬੀ ਕਵੀ ਰਚਨਾ ਪ੍ਰਕਿਰਿਆ ਦੌਰਾਨ ਧਰਮ ਤੋਂ ਵਿੱਥ ਬਣਾ ਕੇ ਚੱਲਦੇ ਹਨ। ਪਰ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ। ਪ੍ਰੋ. ਪੂਰਨ ਸਿੰਘ ਦੇ ਕਹਿਣ ਮੁਤਾਬਕ ਪੰਜਾਬ ਤਾਂ ਜਿਉਂਦਾ ਹੀ ਗੁਰੂ ਦੇ ਨਾਂ ਉੱਤੇ ਹੈ। ਧਰਮ ਅਤੇ ਲੋਕ ਧਰਮ ਪੰਜਾਬ ਦੇ ਸਮੂਹਕ ਅਵਚੇਤਨ ਦਾ ਅਟੁੱਟ ਅੰਗ ਹੈ। ਧਰਮ ਨੇ ਪੰਜਾਬੀਆਂ ਦੇ ਰਹਿਣ ਸਹਿਣ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਮੱਧਕਾਲੀਨ ਪੰਜਾਬੀ ਸਾਹਿਤ ਦੀਆਂ ਆਧਾਰਸ਼ੀਲ ਪਰਤਾਂ ਵਿੱਚ ਇਕ ਪਰਤ ਧਰਮ ਦੀ ਵੀ ਹੈ ਅਰਥਾਤ ਧਰਮ ਸਾਹਿਤ ਦੇ ਅਵਚੇਤਨੀ ਪਾਸਾਰ ਵਿਚ ਮੁੱਢ ਤੋਂ ਹੀ ਸਰਗਰਮੀ ਨਾਲ ਹਾਜ਼ਰ ਰਿਹਾ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਧਰਮ ਜਾਂ ਰੱਬ ਦੀ ਬਜਾਇ ਮਨੁੱਖ ਅਤੇ ਮਨੁੱਖ ਦੀਆਂ ਸਮੱਸਿਆਵਾਂ ਕੇਂਦਰ ਵਿਚ ਰਹੀਆਂ ਹਨ। ਗੁਰਭਜਨ ਗਿੱਲ ਦੀ ਗ਼ਜ਼ਲ ਦੇ ਮਾਮਲੇ ਵਿਚ ਵੀ ਇਹ ਗੱਲ ਸੱਚ ਹੈ ਪਰ ਜਿੱਥੋਂ ਤੱਕ 'ਸੁਰਤਾਲ' ਦੇ ਕਾਵਿ-

ਅਵਚੇਤਨ ਦਾ ਮਸਲਾ ਹੈ, ਇਸ ਵਿਚ ਧਰਮ ਦੇ ਉਹ ਪਹਿਲੂ ਕਾਰਜਸ਼ੀਲ ਦਿਖਾਈ ਦਿੰਦੇ ਹਨ ਜੋ ਗੁਰਭਜਨ ਗਿੱਲ ਦੀ ਸ਼ਾਇਰੀ ਦੀ ਸ਼ਖ਼ਸੀਅਤ ਨਾਲ ਮੇਲ ਖਾਂਦੇ ਹਨ। ਸ਼ਾਇਰ ਨੇ ਉਨ੍ਹਾਂ ਪਹਿਲੂਆਂ ਨੂੰ ਅਚੇਤ ਹੀ ਚੁਣ ਲਿਆ ਹੈ, ਇਸੇ ਕਰਕੇ ਕਾਵਿ-ਅਵਚੇਤਨ ਅੰਦਰ ਧਰਮ ਦੀ ਮੌਜੂਦਗੀ ਨੇ ਉਸਦੀ ਗ਼ਜ਼ਲ ਨੂੰ ਧਾਰਮਿਕ ਜਾਂ ਅਧਿਆਤਮਿਕ ਰੰਗਤ ਨਹੀਂ ਚੜ੍ਹਣ ਦਿੱਤੀ ਸਗੋਂ ਗ਼ਜ਼ਲ ਦੀ ਕਾਵਿ-ਭਾਸ਼ਾ ਨੂੰ ਨਿਰੋਲ ਮੌਲਿਕ ਬਾਣਾ ਪਹਿਨਾਇਆ ਹੈ:

*ਹੱਕ ਸੱਚ ਇਨਸਾਫ਼ ਦੀ ਖ਼ਾਤਰ ਜਿਸ ਵੇਲੇ ਇਨਸਾਨ ਬੋਲਦਾ।*
*ਅੰਨ੍ਹੀ ਰੱਯਤ ਗਿਆਨ ਵਿਹੂਣੀ, ਕਹਿੰਦੀ ਹੈ ਭਗਵਾਨ ਬੋਲਦਾ।*
*ਦੀਨ ਦਰਦ ਦੁੱਖ ਭੰਜਨ ਵੇਲਾ, ਓਸੇ ਨੂੰ ਹੀ ਸਤਿਯੁਗ ਕਹੀਏ,*
*ਕਦੇ ਕਦਾਈਂ ਸਦੀਆਂ ਮਗਰੋਂ ਸਾਡੇ 'ਚੋਂ ਈਮਾਨ ਬੋਲਦਾ।*

*(ਪੰਨਾ: 45)*

*ਤਨ ਮਨ ਅੰਦਰ ਸਵਾਸ ਵਾਂਗਰਾਂ ਪੰਜ ਕਕਾਰ ਦਿਖਾਵਾ ਨਹੀਉਂ।*
*ਪੱਕਾ ਰਿਸ਼ਤਾ ਨਾਲ ਗੁਰੂ ਦੇ ਕੇਵਲ ਗੰਢ ਚਿਤਰਾਵਾ ਨਹੀਉਂ।*

*(ਪੰਨਾ: 48)*

ਸਮੂਹਕ ਅਵਚੇਤਨ ਦੀ ਉਸਾਰੀ ਵਿਚ ਸਭ ਤੋਂ ਮਹੱਤਵਪੂਰਨ ਭੂਮਿਕਾ ਸਮਾਜ ਨਿਭਾਉਂਦਾ ਹੈ। ਜਸਵੰਤ ਸਿੰਘ ਨੇਕੀ ਅਨੁਸਾਰ ਸਮੂਹਕ ਅਵਚੇਤਨ ਸਮੁੱਚੇ ਸਮਾਜ ਨਾਲ ਸੰਬੰਧਤ ਹੁੰਦਾ ਹੈ। ਜਿੱਥੋਂ ਤੱਕ ਕਾਵਿ ਦੇ ਅਵਚੇਤਨ ਦੀ ਗੱਲ ਹੈ ਇਸ ਵਿਚ ਵੀ ਸਮੂਹਕ ਅਵਚੇਤਨ ਦੇ ਪ੍ਰਭਾਵ ਵੱਖ-ਵੱਖ ਰੰਗਤਾਂ ਵਿਚ ਹਾਜ਼ਰ ਹੁੰਦੇ ਹਨ। ਪ੍ਰਗਤੀਵਾਦੀ ਪ੍ਰਭਾਵ ਅਧੀਨ ਰਚੇ ਗਏ ਸਾਹਿਤ ਵਿਚ ਤਾਂ ਸਮੂਹਕ ਅਵਚੇਤਨ ਖਾਸ ਤੌਰ 'ਤੇ ਹਾਜ਼ਰ ਰਹਿੰਦਾ ਹੈ। ਗੁਰਭਜਨ ਗਿੱਲ ਦੀ ਗ਼ਜ਼ਲ ਦਾ ਕਾਵਿ-ਅਵਚੇਤਨ ਪੰਜਾਬੀ ਸਮਾਜ ਨੂੰ ਉਸਦੀ ਰਚਨਾ ਵਿਚ ਅਗ੍ਰਭੂਮਿਤ ਕਰਦਾ ਹੈ। ਇਸ ਪਹਿਲੂ ਨੂੰ ਤਾਂ ਸੁਰਤਾਲ ਦੀ ਤਕਰੀਬਨ ਹਰੇਕ ਗ਼ਜ਼ਲ ਵਿਚ ਪੜ੍ਹਿਆ ਜਾ ਸਕਦਾ ਹੈ। ਉਦਾਹਰਣ ਲਈ :

*ਅੰਨ੍ਹਾ ਬੋਲਾ ਮਾਇਆ ਧਾਰੀ, ਸ਼ਸਤਰ ਧਾਰੀ ਤੇ ਅਧਿਕਾਰੀ,*
*ਕਿਹੜਾ ਦਰ ਖੜਕਾਈਏ ਦੱਸੋ, ਜਿਹੜਾ ਸਾਡਾ ਦਰਦ ਪਛਾਣੇ।*

*(ਪੰਨਾ: 70)*

ਸਮਾਜ ਦਾ ਹੀ ਅਹਿਮ ਅੰਗ ਸਭਿਆਚਾਰ ਹੈ। ਪੰਜਾਬੀ ਸਭਿਆਚਾਰ ਦੀ ਬਹੁਰੰਗਤਾ ਨੇ ਇਸਦੇ ਲੋਕ ਸਾਹਿਤ ਨੂੰ ਬੇਹੱਦ ਅਮੀਰੀ ਬਖ਼ਸ਼ੀ ਹੈ। ਲੋਕ ਸਾਹਿਤ ਆਮ ਜਨ ਦੀ ਮਾਨਸਿਕਤਾ ਦਾ ਹੀ ਪ੍ਰਗਟਾਵਾ ਹੋਇਆ ਕਰਦਾ ਹੈ। ਇਸ ਦੇ ਨਾਲ ਹੀ ਵਿਸ਼ਿਸ਼ਟ ਸਾਹਿਤ ਵੀ ਸਭਿਆਚਾਰਕ ਵਰਤਾਰੇ ਤੋਂ ਅਭਿੱਜ ਨਹੀਂ ਰਹਿ ਸਕਦਾ। ਆਧੁਨਿਕ ਸਾਹਿਤ ਦੀ ਧਰਾਤਲ ਨੂੰ ਪੰਜਾਬੀ ਸਭਿਆਚਾਰ ਦੇ ਵਿਭਿੰਨ ਪਾਸਾਰਾਂ ਨੇ ਵੀ ਸਿੰਜਿਆ ਹੈ। ਗ਼ਜ਼ਲ ਕਾਵਿ ਨੇ ਵੀ ਇਸ ਤੋਂ ਨਿਰੰਤਰ ਪ੍ਰਭਾਵ ਕਬੂਲੇ ਹਨ। ਪੰਜਾਬੀ ਪ੍ਰੀਤ ਕਹਾਣੀਆਂ, ਪਹਿਰਾਵਾ, ਸਾਕਾਚਾਰੀ ਪ੍ਰਬੰਧ, ਖਾਣ-ਪੀਣ, ਮੇਲੇ ਤਿਉਹਾਰ, ਲੋਕ ਵਿਸ਼ਵਾਸ ਆਦਿ ਅਨੇਕਾ ਸਭਿਆਚਾਰ ਪਹਿਲੂ ਗੁਰਭਜਨ ਗਿੱਲ ਦੀ ਗ਼ਜ਼ਲਕਾਰੀ ਦਾ ਸ਼ਿੰਗਾਰ ਹਨ। ਆਪਣੇ ਸਭਿਆਚਾਰ ਪ੍ਰਤੀ ਚੇਤੰਨਤਾ ਵਿਚੋਂ ਉਪਜੀ 'ਸੁਰਤਾਲ' ਦੀ ਗ਼ਜ਼ਲ ਦੇ ਕਾਵਿ-ਅਵਚੇਤਨ ਦੀ ਉਸਾਰੀ ਵਿਚ ਪੰਜਾਬੀ ਸਭਿਆਚਾਰ ਦੀ ਵਡਿਆਈ ਅਤੇ ਸਮਕਾਲ ਵਿਚ ਇਸ ਦੇ ਬਦਲ ਰਹੇ ਰੂਪ ਪ੍ਰਤੀ ਚਿੰਤਾ ਦੇ ਸਰੋਕਾਰ ਨੇ ਭਰਪੂਰ ਜਗ੍ਹਾ ਬਣਾਈ ਹੈ:

*ਰਹਿ ਗਏ ਸਿਰਫ਼ ਕਿਤਾਬਾਂ ਅੰਦਰ, ਭਗਤਾਂ ਵੇਲਾ, ਸ਼ੁਭ ਪ੍ਰਭਾਤ,*
*ਟੈਂਕੀ, ਟੂਟੀ, ਬਾਥ ਰੂਮ ਹੈ, ਖੂਹੀਆਂ 'ਤੇ ਨਾ ਖੜਕਣ ਡੋਲ।*

*(ਪੰਨਾ: 167)*

ਕੋਈ ਪ੍ਰਾਣੀ ਸੁਭਾਅ ਪੱਖੋਂ ਭਾਵੇਂ ਰਾਜਨੀਤਿਕ ਹੋਵੇ ਚਾਹੇ ਨਾ ਪਰ ਸਮੂਹਕ ਅਵਚੇਤਨ ਰਾਹੀ ਰਾਜਨੀਤਿਕ ਹਾਲਾਤਾਂ ਅਤੇ ਵਿਚਾਰਧਾਰਾਵਾਂ ਦੀ ਘੁਸਪੈਠ ਉਸਦੇ ਅਚੇਤ ਮਨ ਵਿਚ ਹਰ ਹੀਲੇ ਹੋ ਹੀ ਜਾਂਦੀ ਹੈ। ਇਹੀ ਸਾਹਿਤ ਰਚਨਾ ਦੌਰਾਨ ਵਾਪਰਦਾ ਹੈ, ਕੋਈ ਸਾਹਿਤਕਾਰ ਜਾਂ ਸਾਹਿਤਕ ਰਚਨਾ ਸੁਚੇਤ ਰੂਪ ਵਿਚ ਭਾਵੇਂ ਕਿਸੇ ਵੀ ਰਾਜਨੀਤਿਕ ਪੈਂਤੜੇ ਨੂੰ ਅਪਣਾ ਕੇ ਨਾ ਚੱਲਦੀ ਹੋਵੇ ਪਰ ਜਿਉਂ ਜਿਉਂ ਸਾਹਿਤ ਰਚਨਾ ਉਸਰਦੀ ਹੈ, ਉਸਦੇ ਸਮਾਨੰਤਰ ਉਸਰ ਰਿਹਾ ਕਾਵਿ-ਅਵਚੇਤਨ ਰਾਜਨੀਤੀ ਤੋਂ ਨਿਰਪੇਖ ਮਨੁੱਖ ਵਾਂਗ ਰਾਜਨੀਤਿਕ ਹਾਲਾਤ ਜਾਂ ਵਿਚਾਰਧਾਰਾਵਾਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਹੁੰਦਾ ਜਾਂਦਾ ਹੈ। 'ਸੁਰਤਾਲ' ਦੀ ਉਸਾਰੀ ਵਿਚ ਰਾਜਨੀਤਿਕ ਅਵਚੇਤਨ ਦੀ ਭੂਮਿਕਾ ਵੀ ਸਾਫ਼ ਨਜ਼ਰ ਆਉਂਦੀ ਹੈ। ਬਹੁਤ ਥਾਂ ਇਹ ਉਘੜਵੇਂ ਰੂਪ ਵਿਚ ਅਤੇ ਕਈ ਵਾਰ ਲੁਕਵੇਂ ਰੂਪ ਵਿਚ ਮੌਜੂਦ ਰਹਿੰਦੀ ਹੈ, ਇਹ ਕਾਵਿ-ਅਵਚੇਤਨ ਗੁਰਭਜਨ ਗਿੱਲ ਦੀ ਗ਼ਜ਼ਲ ਦੇ ਨਾਲ ਨਾਲ ਚੱਲਦਿਆਂ ਇਸਦੀ ਵਿਚਾਰਧਾਰਾ ਦੇ ਨਕਸ਼ ਉਲੀਕਦਾ ਜਾਂਦਾ ਹੈ। ਰਾਜਨੀਤਿਕ ਪੱਖ ਤੋਂ 'ਸੁਰਤਾਲ' ਦਾ ਕਾਵਿ-ਅਵਚੇਤਨ ਪ੍ਰਗਤੀਵਾਦ ਦੇ ਨੇੜੇ ਹੈ ਪਰ ਇਸਦਾ ਖਾਸਾ ਪੰਜਾਬ ਦੀ ਧਰਾਤਲ ਉੱਪਰ ਵਾਪਰ ਰਹੇ ਰਾਜਨੀਤਿਕ ਵਰਤਾਰਿਆਂ ਤੋਂ ਊਰਜਾ ਲੈਣਾ ਹੈ:

*ਘੋੜ ਸਵਾਰ ਹਕੂਮਤ ਕਰਦੇ, ਵਾਰੋ ਵਾਰੀ ਵਕਤ ਸਵਾਰੀ,*
*ਓਹੀ ਰੰਬੀ ਓਹੀ ਪੱਲੀ, ਘਾਹੀਆਂ ਦੇ ਪੁੱਤ ਅੱਜ ਵੀ ਘਾਹੀ।*

*(ਪੰਨਾ: 42)*

ਅੱਜ ਜਿਸ ਪੂਰਬੀ ਪੰਜਾਬ ਵਿਚ ਅਸੀਂ ਰਹਿੰਦੇ ਹਾਂ ਇਹ ਪੰਜਾਬ ਮਸਾਂ ਅੱਧੀ ਕੁ ਸਦੀ ਪੁਰਾਣਾ ਹੈ। ਭੂਗੋਲਿਕ ਖਿੱਤੇ ਦੇ ਰੂਪ ਵਿਚ ਜੇਕਰ ਪੰਜਾਬ ਦੀ ਗੱਲ ਕਰਨੀ ਹੋਵੇ ਤਾਂ ਇਸਦੀਆਂ ਹੱਦਾਂ ਕੁਦਰਤੀ ਰੂਪ ਵਿਚ ਸਿੰਧ ਨਦੀ ਤੱਕ ਅਤੇ ਭਾਰਤ ਵਿਚ ਜਮੁਨਾ ਨਦੀ ਤੱਕ ਚਲੀਆਂ ਜਾਂਦੀਆਂ ਹਨ। ਪੰਜਾਬ ਦੇ ਅਵਚੇਤਨ ਵਿਚ ਇਹ ਭੂਗੋਲਕਤਾ ਡੂੰਘੀ ਛਪੀ ਹੋਈ ਹੈ। ਕੋਈ ਵੀ ਪੰਜਾਬੀ ਸਾਹਿਤਕ ਰਚਨਾ ਜੋ ਪੰਜਾਬ ਦੀ ਗੱਲ ਕਰਦੀ ਹੈ, ਉਹ ਕਦੇ ਵੀ ਆਧੁਨਿਕ ਪੰਜਾਬ ਦੀ ਭੂਗੋਲਿਕ ਹੱਦ ਨੂੰ ਧਿਆਨ ਵਿਚ ਨਹੀਂ ਰੱਖਦੀ ਸਗੋਂ ਸਦਾ ਸਮੂਹਕ ਅਵਚੇਤਨ ਦਾ ਹਿੱਸਾ ਬਣ ਚੁੱਕੀ ਪੁਰਾਣੇ ਪੰਜਾਬ ਦੀ ਭੂਗੋਲਿਕਤਾ ਨੂੰ ਹੀ ਸੰਬੋਧਿਤ ਹੁੰਦੀ ਹੈ। ਇਸ ਤਰ੍ਹਾਂ ਵੱਡੇ ਪੰਜਾਬ ਦੀ ਭੂਗੋਲਿਕਤਾ ਪੰਜਾਬੀ ਸਾਹਿਤ ਦੇ ਕਾਵਿ-ਅਵਚੇਤਨ ਵਿਚ ਵੀ ਗਹਿਰੀ ਛਪ ਚੁੱਕੀ ਹੈ। ਪੰਜਾਬ ਦੀ ਭੂਗੋਲਿਕਤਾ ਦੇ ਇਹ ਨਕਸ਼ ਗੁਰਭਜਨ ਗਿੱਲ ਦੀ ਸ਼ਾਇਰੀ ਦਾ ਤਾਣਾ ਵੀ ਕਸਦੇ ਦਿਖਦੇ ਹਨ :

*ਸਾਡੇ ਵੱਲ ਭੇਜ ਹੋਰ ਸੰਦਲੀ ਸਮੀਰ,*

*ਅਸਾਂ ਤੈਨੂੰ ਰਾਵੀ ਤੇ ਚਨਾਬ ਭੇਜਿਆ।*

*(ਪੰਨਾ: 15)*

*ਸ਼ਮਲੇ ਵਾਲੀ ਪੱਗ ਦੇ ਢਿੱਲੇ ਪੇਚ ਜਦੋਂ ਵੀ ਚਿਣਦਾ ਹਾਂ,*

*ਕਾਬਲ ਤੱਕ ਪੰਜਾਬ ਸੀ ਮੇਰਾ, ਕਰਦਾਂ ਯਾਦ ਕਹਾਣੀਆਂ ਨੂੰ।*

*(ਪੰਨਾ: 113)*

ਇਤਿਹਾਸਕ ਚੇਤਨਤਾ ਤੋਂ ਸੱਖਣਾ ਸਾਹਿਤ ਕਲਾ ਦੀ ਉਸ ਸਿਖਰ ਨੂੰ ਨਹੀਂ ਛੂਹ ਸਕਦਾ ਜਿਸ ਉੱਪਰ ਖੜ੍ਹ ਕੇ ਮਨੁੱਖੀ ਵਿਕਾਸ ਅਤੇ ਵਿਨਾਸ਼ ਦੇ ਪੜਾਵਾਂ ਦੀ ਨਿਸ਼ਾਨਦੇਹੀ ਦਾ ਨਜ਼ਾਰਾ ਤੱਕਿਆ ਜਾ ਸਕੇ। ਇਤਿਹਾਸਕ ਚੇਤਨਤਾ ਨਾਲ ਜੁੜਿਆ ਸਾਹਿਤ ਸੰਬੰਧਤ ਸਮਾਜ ਲਈ ਸਰਮਾਇਆ ਹੁੰਦਾ ਹੈ:

*ਪੜ੍ਹ ਵੇਖੋ ਇਤਹਾਸ ਦੇ ਵਰਕੇ, ਸ਼ਬਦ-ਬਾਣ ਹੀ ਜਿੱਤਦਾ ਹੈ,*

*ਕਬਰੀਂ ਕੀੜੇ ਖਾਂਦੇ ਸਭ ਨੂੰ, ਜੋ ਜਿੱਤਦੇ ਤਲਵਾਰ ਦੇ ਨਾਲ।*

*(ਪੰਨਾ: 132)*

ਇਤਿਹਾਸ ਦਾ ਜੋ ਸੱਚ ਸਾਹਿਤ ਰਾਹੀਂ ਪੇਸ਼ ਹੁੰਦਾ ਹੈ ਉਹ ਇਤਿਹਾਸ ਦੀਆਂ ਪੁਸਤਕਾਂ ਵਿਚ ਤੱਥਾਂ-ਤਿਥੀਆਂ ਦੇ ਹਵਾਲਿਆਂ ਨਾਲ ਪੇਸ਼ ਹੋਏ ਸੱਚ ਤੋਂ ਕਿਤੇ ਸੁੱਚਾ ਹੁੰਦਾ ਹੈ। ਪਰ ਸਾਹਿਤ ਕਦੇ ਵੀ ਨਿਰਾ ਇਤਿਹਾਸ ਨਹੀਂ ਹੁੰਦਾ ਇਹ ਤਾਂ ਕੇਵਲ ਇਤਿਹਾਸਕ ਸੱਚ ਦੇ ਸੰਵੇਦਨਸ਼ੀਲ ਪੱਖ ਨੂੰ ਉਜਾਗਰ ਕਰਨ ਦਾ ਆਹਰ ਕਰਦਾ ਹੈ, ਇਸੇ ਆਹਰ ਵਿੱਚੋਂ ਇਤਿਹਾਸਕ ਸੱਚ ਦਾ ਮਰਮ ਸਾਹਮਣੇ ਆਉਂਦਾ ਹੈ, ਇਸ ਸੰਬੰਧ ਵਿਚ ਸੁਰਤਾਲ ਦਾ ਕਾਵਿ-ਅਵਚੇਤਨ ਵੀ ਇਤਿਹਾਕ ਚੇਤਨਾ ਦੀ ਚਿੰਗਾਰੀ ਮਘਾ ਰਿਹਾ ਹੈ :

*ਚੀਨ ਵੀ ਤਾਂ ਉੱਠਿਆ ਸੀ 'ਫ਼ੀਮ ਦੇ ਪਹਾੜ 'ਚੋਂ,*

*ਜੱਗ ਸਾਰਾ ਕੂਕਦਾ ਸੀ ਢਹਿ ਗਿਆ ਬਈ ਢਹਿ ਗਿਆ।*

*(ਪੰਨਾ: 75)*

*ਵਿਚ ਸੰਤਾਲੀ ਕਹਿਰ ਵਰਤਿਆ, ਸ਼ਰਮ ਧਰਮ ਸੀ ਦੋਵੇਂ ਲੁਕ ਗਏ,*

*ਬੰਦੇ ਬਣ ਗਏ ਵਿਸ਼ੀਅਰ ਕਾਲੇ, ਉੱਡੀਆਂ ਸੀ ਖੰਭਾਂ ਦੀਆਂ ਤਾਰਾਂ ।*

*(ਪੰਨਾ: 110)*

*ਫੇਰ ਚੌਰਾਸੀ ਚੇਤੇ ਕਰਕੇ, ਚੋਣ ਬੁਖਾਰ ਦੇ ਮੌਸਮ ਅੰਦਰ,*

*ਕੁਰਸੀ ਖ਼ਾਤਰ ਨਾਰਦ ਟੋਲੇ, ਮੁੜ ਕੇ ਜ਼ਖ਼ਮ ਖ਼ਰੋਚ ਰਹੇ ਨੇ।*

*(ਪੰਨਾ: 115)*

ਸੁਰਤਾਲ ਦੇ ਕਾਵਿ-ਅਵਚੇਤਨ ਵਿਚ ਬਿਰਾਜਮਾਨ ਉਪਰੋਕਤ ਵੱਖ-ਵੱਖ ਪਰਤਾਂ ਤੋਂ ਇਲਾਵਾ ਇਸਦੇ ਕਾਵਿ-ਅਵਚੇਤਨ ਨੂੰ ਸਮਕਾਲੀ ਹਾਲਾਤਾਂ, ਸਮੱਸਿਆਵਾਂ, ਮਸਲਿਆਂ, ਪਰਿਵਰਤਨਾਂ ਆਦਿ ਦੇ ਵਹਾਅ ਨੇ ਵੀ ਵਿਸਥਾਰ ਦਿੱਤਾ ਹੈ। ਕਾਵਿ-ਅਵਚੇਤਨ ਅੰਦਰ ਸਮਕਾਲ ਦੀ ਇਸ ਹਾਜ਼ਰੀ ਨੇ ਅਵਚੇਤਨ ਨੂੰ ਚੇਤਨ ਪੱਧਰ ਉੱਪਰ ਪ੍ਰਗਟ ਕਰਨ ਦਾ ਮੰਚ ਮੁਹੱਈਆ ਕੀਤਾ ਹੈ। ਮੁੱਢ ਕਦੀਮ ਤੋਂ ਮਨੁੱਖਤਾ ਦਰਪੇਸ਼ ਜੋ ਸਵਾਲ ਉੱਠਦੇ ਰਹੇ ਹਨ ਉਸਦਾ ਹੱਲ ਮਨੁੱਖੀ ਸ਼ਖ਼ਸੀਅਤ ਦੀ ਪੁਨਰ ਉਸਾਰੀ ਵਿਚ ਹੀ ਨਿਹਿਤ ਹੈ। ਗੁਰਭਜਨ ਗਿੱਲ ਦੀ ਗ਼ਜ਼ਲ ਹਰ ਸਰੋਕਾਰ ਨੂੰ ਮੁਖਾਤਬ ਹੁੰਦਿਆਂ ਨਿਘਰ ਚੁੱਕੀ ਮਨੁੱਖੀ ਸਖ਼ਸੀਅਤ ਦੀ ਪੁਨਰ ਉਸਾਰੀ ਦੀ ਬਾਤ ਪਾਉਂਦੀ ਹੈ:

*ਨਾ ਘਬਰਾਵੀਂ ਜੀਣ ਜੋਗਿਆ, ਅੱਜ ਮਗਰੋਂ ਹੀ ਕੱਲ੍ਹ ਹੁੰਦਾ ਹੈ।*

*ਢੇਰੀ ਢਾਹ ਕੇ ਬਹਿ ਨਾ ਜਾਵੀਂ, ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ।*

*(ਪੰਨਾ: 69)*

ਇਸ ਮਕਸਦ ਲਈ ਉਸਦੀ ਗਜ਼ਲ ਜਦੋਂ ਸਮਕਾਲੀ ਮਸਲਿਆਂ ਨੂੰ ਉਠਾਉਂਦੀ ਹੈ ਤਾਂ ਉਪਰੋਕਤ ਚਰਚਿਤ ਕਾਵਿ-ਅਵਚੇਤਨ ਦੇ ਪਾਸਾਰ ਦੀ ਸਿਖਰ ਸਾਫ਼ ਦਿਖਦੀ ਹੈ ਜਦਕਿ ਇਸ ਕਾਵਿ-ਅਵਚੇਤਨ ਦਾ ਬਹੁਤਾ ਹਿੱਸਾ ਗੁਰਭਜਨ ਗਿੱਲ ਦੀ ਗ਼ਜ਼ਲਕਾਰੀ ਦੇ ਸਾਗਰ ਵਿਚ ਡੁੱਬ ਕੇ ਛੁਪਿਆ ਹੋਇਆ ਹੈ। ਸਮਕਾਲ ਨਾਲ ਜੁੜੇ ਕਾਵਿ ਅਵਚੇਤਨ ਦੀ ਅਨੇਕਾ ਮਿਸਾਲਾਂ ਮੌਜੂਦ ਹਨ,

ਕੁੱਝ ਉਦਾਹਰਨਾਂ ਦੇਖੋ :

*ਵਤਨ ਮੇਰੇ ਵਿਚ ਧੀਆਂ ਪੁੱਤਰ, ਏਥੇ ਰਹਿਣਾ ਚਾਹੁੰਦਾ ਨਹੀਂ,*
*ਸੋਨ ਚਿੜੀ ਨੂੰ ਫਿਰ ਕਿਉਂ ਕਹਿੰਦੇ, ਹੋਈ ਇਹ ਬਰਬਾਦ ਨਹੀਂ।*

*(ਪੰਨਾ: 126)*

*ਪਲੰਘ, ਪੰਘੂੜਾ, ਮੰਜਾ, ਪੀੜ੍ਹਾ ਤੇਰੇ ਵਾਸਤੇ,*
*ਬਿਰਖਾਂ ਦੇ ਮੁੱਢ ਕਾਹਨੂੰ ਫੇਰੀ ਜਾਵੀਂ ਆਰੀਆਂ।*

*(ਪੰਨਾ: 143)*

*ਚਾਰ ਚੁਫੇਰਿਓਂ ਘਿਰਿਆ ਬੰਦਾ, ਫਾਹਾ ਲੈ ਕੇ ਕਿਉਂ ਮਰਦਾ ਹੈ,*
*ਪੈੜ ਪਛਾਣੋਂ ਕਿੱਧਰ ਜਾਂਦੀ, ਉਸਦੇ ਆਤਮਘਾਤ ਦੀ।*

*(ਪੰਨਾ: 67)*

ਸੋ ਸਮੁੱਚੇ ਤੌਰ 'ਤੇ ਕਿਹਾ ਜਾਂ ਸਕਦਾ ਹੈ ਕਿ ਗੁਰਭਜਨ ਗਿੱਲ ਦੇ ਗਜ਼ਲ ਸੰਗ੍ਰਹਿ 'ਸੁਰਤਾਲ' ਦਾ ਘੇਰਾ ਬਹੁਤ ਗਹਿਰਾ ਅਤੇ ਵਿਸ਼ਾਲ ਹੈ। ਇਸ ਵਿਚ ਪਾਠਕ ਜਿੰਨੀ ਵਾਰ ਗੋਤਾ ਲਗਾਉਂਦਾ ਹੈ, ਓਨੀ ਵਾਰ ਹੀ ਉਸਦੇ ਹੱਥ ਨਵੇਂ-ਨਵੇਂ ਰੰਗ ਆਕਾਰ ਦੇ ਮੋਤੀ, ਘੋਗੇ, ਸਿੱਪੀਆਂ, ਪੱਥਰ ਲੱਗਦੇ ਹਨ। ਉਸਦੀ ਗ਼ਜ਼ਲ ਦੀ ਗਹਿਰਾਈ ਦੀ ਤਰ੍ਹਾਂ ਇਸ ਗ਼ਜ਼ਲ ਨੂੰ ਨਿਯਮਤ ਕਰ ਰਿਹਾ ਕਾਵਿ-ਅਵਚੇਤਨ ਵੀ ਡੂੰਘੇਰਾ ਹੈ। ਸਮੁੱਚੇ ਰੂਪ ਵਿਚ ਉਸਦੀ ਗ਼ਜ਼ਲ ਨੂੰ ਮਾਣਦਿਆਂ ਸਰਬਤ ਦੀਆਂ ਘੁੱਟਾਂ ਭਰਨ ਵਾਂਗ ਮਹਿਸੂਸ ਹੁੰਦਾ ਹੈ ਅਤੇ ਸਰਬੱਤ ਦੀ ਗੱਲ ਇਸ ਗ਼ਜ਼ਲ ਵਿਚ ਸੰਗੀਤਬੱਧ ਹੋਈ ਸੁਣਾਈ ਦਿੰਦੀ ਹੈ। ਉਸਦੀ ਗ਼ਜ਼ਲ ਕਿਤੇ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦਾਮਨ ਨਹੀਂ ਛੱਡਦੀ। ਨਿੱਜੀ ਅਵਚੇਤਨ ਅਤੇ ਸਮੂਹਕ ਅਵਚੇਤਨ ਦੇ ਅਨੇਕਾਂ ਪਹਿਲੂ ਦਿਖਦੇ-ਅਣਦਿਕਦੇ ਉਸਦੀ ਗ਼ਜ਼ਲ ਦੀ ਆਕਾਸ਼ ਗੰਗਾ ਵਿਚ ਚਾਨਣ ਬਿਖੇਰ ਰਹੇ ਹਨ। ਉਪਰੋਕਤ ਸੰਖੇਪ ਜਿਹੇ ਅਧਿਐਨ ਵਿਚ ਜੋ ਹਾਸਲ ਹੋਇਆ ਉਹ 'ਸੁਰਤਾਲ' ਵਿਚਲੀ ਗ਼ਜ਼ਲ ਅੰਦਰ ਛੁਪੀ ਸਮੁੱਚੀ ਧਰੋਹਰ ਦਾ ਅੰਸ਼ ਮਾਤਰ ਹੈ। 'ਸੁਰਤਾਲ' ਨਾਲ ਇਕ ਸੁਰ ਹੋ ਕੇ ਜੇ ਗ਼ਜ਼ਲ ਦਾ ਆਨੰਦ ਮਾਣਿਆ ਜਾਵੇ ਤਾਂ ਸ਼ਬਦ ਦੇ ਸੁਹਜ ਅਤੇ ਸੁੰਦਰਤਾ ਨਾਲ ਰੂਹ ਸਰਸ਼ਾਰ ਹੋ ਜਾਂਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. *ਡਾ. ਸਤਿੰਦਰ ਸਿੰਘ (ਸੰਪਾ.), ਕਾਵਿ ਆਲੋਚਨ, ਪੰਨਾ: 64*
2. *ਜਸਵੰਤ ਸਿੰਘ ਨੇਕੀ, ਅਚੇਤਨ ਦੀ ਲੀਲ੍ਹਾ, ਪੰਨਾ: 6*
3. *ਡਾ. ਜਗਬੀਰ ਸਿੰਘ (ਅਨੁ.), ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ: 169*
4. *Julia Kristeva, Desire in Language, p. 134*
5. *ਬਲਕਾਰ ਸਿੰਘ (ਡਾ.) (ਸੰਪਾ.), ਪੰਜਾਬੀ ਆਲੋਚਨਾ ਦੇ ਅਵਚੇਤਨੀ ਪਾਸਾਰ, ਪੰਨਾ: 86*